ਕਰਮਚਾਰੀਆਂ ਦੀ ਇਮੀਗ੍ਰੇਸ਼ਨ ਸਥਿਤੀ ਕੁਝ ਵੀ ਹੋਵੇ, ਇਹ ਕਾਨੂੰਨ ਕਰਮਚਾਰੀਆਂ ਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ। ਇਸ ਅਧੀਨ ਆਉਣ ਵਾਲੇ ਰੁਜ਼ਗਾਰਦਾਤਾਵਾਂ ਲਈ ਇਹਨਾਂ ਕਾਨੂੰਨਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਜਵਾਬੀ-ਕਾਰਵਾਈ ਕਰਨਾ ਗੈਰ-ਕਾਨੂੰਨੀ ਹੈ।

**ਕਾਨੂੰਨ 1 ਜੁਲਾਈ, 2020 ਤੋਂ ਲਾਗੂ ਹਨ**

Office of Labor Standards (OLS, ਆਫਿਸ ਆਫ ਲੇਬਰ ਸਟੈਂਡਰਡਜ਼) ਦਾ ਮਿਸ਼ਨ ਨਸਲ ਅਤੇ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ ਦੇ ਨਾਲ-ਨਾਲ, ਵਿਚਾਰਸ਼ੀਲ ਭਾਈਚਾਰਕ ਅਤੇ ਵਪਾਰਕ ਸ਼ਮੂਲੀਅਤ, ਰਣਨੀਤਕ ਲਾਗੂਕਰਨ ਅਤੇ ਨਵੀਨਤਾਕਾਰੀ ਨੀਤੀ ਦਾ ਵਿਕਾਸ ਕਰਕੇ ਕਿਰਤ ਦੀਆਂ ਮਿਆਰਾਂ ਨੂੰ ਅੱਗੇ ਵਧਾਉਣਾ ਹੈ।

ਇਹ ਪੋਸਟਰ ਕੰਮ ਵਾਲੀ ਥਾਂ 'ਤੇ ਇੱਕ ਧਿਆਨ ਵਿੱਚ ਆਉਣ ਯੋਗ ਖੇਤਰ ਵਿੱਚ, ਅੰਗਰੇਜ਼ੀ ਅਤੇ ਕਰਮਚਾਰੀਆਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਲਗਾਇਆ ਜਾਣਾ ਚਾਹੀਦਾ ਹੈ। Office of Labor Standards ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਅਪਾਹਜ ਲੋਕਾਂ ਲਈ ਰਿਹਾਇਸ਼ੀ ਪ੍ਰਬੰਧ ਉਪਲਬਧ ਕਰਵਾਉਂਦਾ ਹੈ।

# 2026 Notice of Rights for Hotel Employees (ਹੋਟਲ ਦੇ ਕਰਮਚਾਰੀਆਂ ਲਈ ਅਧਿਕਾਰਾਂ ਦਾ ਨੋਟਿਸ)

## ਹਿੰਸਾ ਤੋਂ ਸੁਰੱਖਿਆ

**ਮਹਿਮਾਨਾਂ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਤੋਂ ਕਰਮਚਾਰੀਆਂ ਦੀ ਰੱਖਿਆ ਕਰਦਾ ਹੈ**

**ਇਹ ਕਿਸ ਉੱਤੇ ਲਾਗੂ ਹੁੰਦਾ ਹੈ?**

ਘੰਟੇ ਅਨੁਸਾਰ ਕੰਮ ਕਰਨ ਵਾਲੇ ਕਰਮਚਾਰੀ ਜੋ 60 ਜਾਂ ਵੱਧ ਕਮਰਿਆਂ ਵਾਲੇ ਹੋਟਲਾਂ ਵਿੱਚ ਕੰਮ ਕਰਦੇ ਹਨ

**ਕਰਮਚਾਰੀਆਂ ਕੋਲ ਇਹ ਅਧਿਕਾਰ ਹਨ:**

- ਕਿਸੇ ਹੋਟਲ ਦੇ ਕਮਰੇ ਵਿੱਚ ਕੰਮ ਕਰਨ ਜਾਂ ਡਿਲਿਵਰੀ ਕਰਨ ਵੇਲੇ ਪੈਨਿਕ ਬਟਨ ਦਾ ਅਧਿਕਾਰ
- ਹੋਟਲ ਦੇ ਮਹਿਮਾਨਾਂ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਤੋਂ ਸੁਰੱਖਿਅਤ ਰਹਿਣ ਦਾ ਅਧਿਕਾਰ
- ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਮਹਿਮਾਨ ਦੇ ਵਿਵਹਾਰ ਦੀ ਰਿਪੋਰਟ ਮਾਲਕ ਨੂੰ ਕਰਨ ਦਾ ਅਧਿਕਾਰ
- ਜੇਕਰ ਹੋਟਲ ਦੇ ਕਿਸੇ ਮਹਿਮਾਨ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਲਈ ਰਿਪੋਰਟ ਕੀਤੀ ਗਈ ਹੈ ਤਾਂ ਉਸ ਮਹਿਮਾਨ ਦੇ ਕਮਰੇ ਵਿੱਚ ਕੰਮ ਜਾਂ ਡਿਲਿਵਰੀ ਕਰਨ ਦੀ ਜ਼ਿੰਮੇਵਾਰੀ ਨਾ ਲੈਣ ਦਾ ਅਧਿਕਾਰ

**ਜਿਹੜਾ ਕਰਮਚਾਰੀ ਕਥਿਤ ਤੌਰ 'ਤੇ ਮਹਿਮਾਨ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਦਾ ਸ਼ਿਕਾਰ ਹੁੰਦਾ ਹੈ, ਤਾਂ ਉਸ ਕੋਲ ਇਹ ਅਧਿਕਾਰ ਹਨ:**

- ਉਹਨਾਂ ਦੀ ਮਰਜ਼ੀ ਨਾਲ ਕਿਸੇ ਵੱਖਰੇ ਕਾਰਜ ਖੇਤਰ ਵਿੱਚ ਦੁਬਾਰਾ ਡਿਊਟੀ ਲਗਾਉਣ ਦਾ ਅਧਿਕਾਰ
- ਕਾਨੂੰਨੀ ਅਧਿਕਾਰੀਆਂ ਅਤੇ ਕਰਮਚਾਰੀ ਦੀ ਪਸੰਦ ਦੇ ਸਹਾਇਕ ਵਿਅਕਤੀ ਨਾਲ ਗੱਲ ਕਰਨ ਲਈ 16 ਘੰਟੇ ਦੀ ਤਨਖਾਹ-ਸਹਿਤ ਛੁੱਟੀ ਲੈਣ ਦਾ ਅਧਿਕਾਰ
- ਸਹਾਇਤਾ ਸੇਵਾਵਾਂ, ਸਰੋਤਾਂ, ਅਤੇ/ਜਾਂ ਰੈਫਰਲ ਲਈ King County Sexual Assault Resource Center ਨਾਲ ਸੰਪਰਕ ਕਰਨ ਦਾ ਅਧਿਕਾਰ ਕਾਲ ਕਰੋ (24 ਘੰਟੇ ਦੀ ਲਾਈਨ): 1-888-998-6423
- Revised Code of Washington (ਵਾਸ਼ਿੰਗਟਨ ਦੇ ਸੰਸ਼ੋਧਿਤ ਕੋਡ) 7.69.030 ਵਿੱਚ ਦਿੱਤੇ ਅਨੁਸਾਰ ਅਪਰਾਧ ਪੀੜਤ ਵਕੀਲ ਨਾਲ ਸੰਪਰਕ ਕਰਨ ਦਾ ਅਧਿਕਾਰ

## ਨੌਕਰੀ ਕਾਇਮ ਰੱਖਣਾ

**ਮਲਕੀਅਤ ਵਿੱਚ ਤਬਦੀਲੀ ਹੋਣ ਤੋਂ ਬਾਅਦ ਕਰਮਚਾਰੀਆਂ ਨੂੰ ਕਾਇਮ ਰੱਖਣਾ ਜ਼ਰੂਰੀ ਹੈ**

**ਇਹ ਕਿਸ ਉੱਤੇ ਲਾਗੂ ਹੁੰਦਾ ਹੈ?**

ਘੰਟੇ ਅਨੁਸਾਰ ਕੰਮ ਕਰਨ ਵਾਲੇ ਕਰਮਚਾਰੀ ਜੋ ਕਾਰੋਬਾਰ ਦੇ ਵੇਚੇ ਜਾਣ ਤੋਂ ਘੱਟੋ-ਘੱਟ 30 ਦਿਨ ਪਹਿਲਾਂ ਤੱਕ 60 ਜਾਂ ਵੱਧ ਕਮਰਿਆਂ ਵਾਲੇ ਹੋਟਲ ਵਿੱਚ ਕੰਮ ਕਰਦੇ ਸਨ। ਸੁਪਰਵਾਈਜ਼ਰਾਂ, ਮੈਨੇਜਰਾਂ ਜਾਂ ਕੁਝ ਖਾਸ ਕਰਮਚਾਰੀਆਂ 'ਤੇ ਲਾਗੂ ਨਹੀਂ ਹੁੰਦਾ ਜੋ ਕਿਰਤ ਸਬੰਧਾਂ ਬਾਰੇ ਪ੍ਰਬੰਧਨ ਨੀਤੀਆਂ ਨੂੰ ਨਿਰਧਾਰਤ ਕਰਨ ਵਿੱਚ ਮਦਦ ਕਰਦੇ ਹਨ।

**ਕਰਮਚਾਰੀਆਂ ਕੋਲ ਇਹ ਅਧਿਕਾਰ ਹਨ:**

- ਕਾਰੋਬਾਰ ਦੀ ਮਲਕੀਅਤ ਬਦਲਣ ਦਾ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ
- ਨਵੇਂ ਰੁਜ਼ਗਾਰਦਾਤਾ ਵੱਲੋਂ ਨੌਕਰੀ ਲਈ ਲਿਖਤੀ ਔਫਰ ਹਾਸਲ ਕਰਨ ਦਾ ਅਧਿਕਾਰ (ਅਹੁਦੇ ਦੇ ਅਨੁਸਾਰ ਔਫਰ)
- ਨਵੇਂ ਰੁਜ਼ਗਾਰਦਾਤਾ ਕੋਲ ਨੱਬੇ ਦਿਨਾਂ ਦੀ ਨੌਕਰੀ ਦਾ ਅਧਿਕਾਰ, ਜਦੋਂ ਤੱਕ ਕਿ ਕਰਮਚਾਰੀ ਨੂੰ ਬਰਖਾਸਤ ਕਰਨ ਦਾ ਕੋਈ ਕਾਰਨ ਨਾ ਹੋਵੇ ਜਾਂ ਲੇਔਫ ਦੀ ਲੋੜ ਨਾ ਪਵੇ (ਅਹੁਦੇ ਅਨੁਸਾਰ ਲੇਔਫ)
- 90 ਦਿਨਾਂ 'ਤੇ ਪ੍ਰਦਰਸ਼ਨ ਦੇ ਮੁਲਾਂਕਣ ਦਾ ਅਧਿਕਾਰ

## ਕੰਮ ਦੇ ਲੋਡ ਦੀਆਂ ਸੀਮਾਵਾਂ

**ਕਮਰੇ ਨੂੰ ਸਾਫ਼ ਕਰਨ ਲਈ ਕੰਮ ਦੇ ਲੋਡ ਨੂੰ ਸੀਮਿਤ ਕਰਦਾ ਹੈ**

**ਇਹ ਕਿਸ ਉੱਤੇ ਲਾਗੂ ਹੁੰਦਾ ਹੈ?**

ਘੰਟੇ ਅਨੁਸਾਰ ਕੰਮ ਕਰਨ ਵਾਲੇ ਕਰਮਚਾਰੀ ਜੋ 100 ਜਾਂ ਵੱਧ ਕਮਰਿਆਂ ਵਾਲੇ ਹੋਟਲ ਵਿੱਚ ਕਮਰਿਆਂ ਨੂੰ ਸਾਫ਼ ਕਰਨ ਦਾ ਕੰਮ ਕਰਦੇ ਹਨ

**ਕਰਮਚਾਰੀਆਂ ਕੋਲ ਇਹ ਅਧਿਕਾਰ ਹਨ:**

- 8-ਘੰਟੇ ਦੇ ਦਿਨ ਵਿੱਚ ਵੱਧ ਤੋਂ ਵੱਧ 4,500 ਵਰਗ ਫੁੱਟ ਤੱਕ ਦੀ ਸਫਾਈ ਕਰਨ ਦਾ ਅਧਿਕਾਰ (ਘੱਟ ਘੰਟਿਆਂ ਲਈ ਅਨੁਪਾਤਕ)
- ਅਧਿਕਤਮ ਮਨਜ਼ੂਰਸ਼ੁਦਾ ਥਾਂ ਤੋਂ ਵੱਧ ਦੀ ਸਫਾਈ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ
- ਅਧਿਕਤਮ ਮਨਜ਼ੂਰਸ਼ੁਦਾ ਥਾਂ ਤੋਂ ਵੱਧ ਦੀ ਸਫਾਈ ਲਈ 3 ਗੁਣਾ ਤਨਖਾਹ ਪ੍ਰਾਪਤ ਕਰਨ ਦਾ ਅਧਿਕਾਰ (ਜ਼ਿਆਦਾਤਰ ਸਥਿਤੀਆਂ ਵਿੱਚ)

## ਡਾਕਟਰੀ ਦੇਖਭਾਲ ਤੱਕ ਪਹੁੰਚ

**ਸਿਹਤ ਦੇਖਭਾਲ ਲਈ ਰੁਜ਼ਗਾਰਦਾਤਾਵਾਂ ਨੂੰ ਖਰਚੇ ਦਾ ਭੁਗਤਾਨ ਕਰਨਾ ਜ਼ਰੂਰੀ ਹੈ**

**ਇਹ ਕਿਸ ਉੱਤੇ ਲਾਗੂ ਹੁੰਦਾ ਹੈ?**

ਘੰਟੇ ਅਨੁਸਾਰ ਕੰਮ ਕਰਨ ਵਾਲੇ ਕਰਮਚਾਰੀ ਜੋ 100 ਜਾਂ ਵੱਧ ਕਮਰਿਆਂ ਵਾਲੇ ਹੋਟਲ ਵਿੱਚ ਹਰ ਮਹੀਨੇ ਘੱਟੋ-ਘੱਟ 80 ਜਾਂ ਵੱਧ ਘੰਟਿਆਂ ਲਈ ਕੰਮ ਕਰਦੇ ਹਨ। ਸੁਪਰਵਾਈਜ਼ਰਾਂ, ਮੈਨੇਜਰਾਂ ਜਾਂ ਕੁਝ ਖਾਸ ਕਰਮਚਾਰੀਆਂ 'ਤੇ ਲਾਗੂ ਨਹੀਂ ਹੁੰਦਾ ਜੋ ਕਿਰਤ ਸਬੰਧਾਂ ਬਾਰੇ ਪ੍ਰਬੰਧਨ ਨੀਤੀਆਂ ਨੂੰ ਨਿਰਧਾਰਤ ਕਰਨ ਵਿੱਚ ਮਦਦ ਕਰਦੇ ਹਨ।

**ਕਰਮਚਾਰੀਆਂ ਕੋਲ ਇਹ ਅਧਿਕਾਰ ਹਨ:**

- ਰੁਜ਼ਗਾਰਦਾਤਾ ਦੁਆਰਾ ਦਿੱਤੇ ਜਾਣ ਵਾਲੇ ਸਿਹਤ ਦੇਖਭਾਲ ਖਰਚਿਆਂ ਦੁਆਰਾ ਡਾਕਟਰੀ ਦੇਖਭਾਲ ਤੱਕ ਬਿਹਤਰ ਪਹੁੰਚ ਹਾਸਲ ਕਰਨ ਦਾ ਅਧਿਕਾਰ
- ਰੁਜ਼ਗਾਰਦਾਤਾ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵੱਧ ਤਰੀਕੇ ਨਾਲ ਖਰਚਾ ਕਰ ਸਕਦੇ ਹਨ:

(1) ਆਮ ਆਮਦਨੀ ਭੁਗਤਾਨ
(2) ਰੁਜ਼ਗਾਰਦਾਤਾ ਦੁਆਰਾ ਸਪਾਂਸਰ ਕੀਤੇ ਸਿਹਤ ਬੀਮਾ ਪਲਾਨ ਲਈ ਭੁਗਤਾਨ,
ਅਤੇ/ਜਾਂ
(3) ਟੈਕਸ-ਅਨੁਕੂਲ ਸਿਹਤ ਪਲਾਨ ਵਿੱਚ ਭੁਗਤਾਨ (ਉਦਾਹਰਨ ਲਈ ਸਿਹਤ ਬਚਤ ਖਾਤੇ)

**2026 ਦੇ ਰੇਟ†**

| ਮਾਸਿਕ ਖਰਚਾ | ਪਰਿਵਾਰ ਦਾ ਢਾਂਚਾ |
|---|---|
| **$612** | ਸਿੰਗਲ ਕਰਮਚਾਰੀ |
| **$1,043** | ਸਿੰਗਲ ਕਰਮਚਾਰੀ ਅਤੇ ਉਸਦੇ ਆਸ਼ਰਿਤ |
| **$1,225** | ਪਤੀ/ਪਤਨੀ/ਸਾਥੀ ਵਾਲਾ ਕਰਮਚਾਰੀ, ਕੋਈ ਆਸ਼ਰਿਤ ਨਹੀਂ |
| **$1,873** | ਪਤੀ/ਪਤਨੀ/ਸਾਥੀ ਵਾਲਾ ਕਰਮਚਾਰੀ, ਅਤੇ ਉਸਦੇ ਆਸ਼ਰਿਤ |

**†ਹਰੇਕ ਕੈਲੰਡਰ ਸਾਲ ਲਈ ਰੇਟ ਦਾ ਐਲਾਨ ਪਿਛਲੇ ਸਾਲ ਦੇ 30 ਜੂਨ ਤੱਕ ਕੀਤੀ ਜਾਂਦੀ ਹੈ**

ਜੇਕਰ ਰੁਜ਼ਗਾਰਦਾਤਾ ਸਿਹਤ ਬੀਮਾ ਕਵਰੇਜ ਦੀ ਪੇਸ਼ਕਸ਼ ਕਰਦਾ ਹੈ, ਤਾਂ ਇਹ ਆਰਡੀਨੈਂਸ ਰੁਜ਼ਗਾਰਦਾਤਾ ਦੀ ਪਹਿਲੀ ਓਪਨ ਇਨਰੋਲਮੈਂਟ ਦੀ ਮਿਆਦ ਦੀ ਮਿਤੀ ਤੋਂ ਲਾਗੂ ਹੁੰਦਾ ਹੈ ਜੋ 1 ਜੁਲਾਈ, 2020 ਤੋਂ ਬਾਅਦ ਆਉਂਦੀ ਹੈ।

## ਕਰਮਚਾਰੀ ਵਜੋਂ ਹਾਸਲ ਆਪਣੇ ਅਧਿਕਾਰਾਂ ਬਾਰੇ ਜਾਣੋ

**ਜਵਾਬੀ-ਕਾਰਵਾਈ ਕਰਨਾ ਗੈਰ-ਕਾਨੂੰਨੀ ਹੈ:** ਇਹ ਕਾਨੂੰਨ ਕਰਮਚਾਰੀਆਂ ਨੂੰ ਆਪਣੇ ਅਧਿਕਾਰਾਂ ਦਾ ਅਨੰਦ ਲੈਣ ਅਤੇ ਉਹਨਾਂ ਦੀ ਵਰਤੋਂ ਕਰਨ ਲਈ ਜਵਾਬੀ-ਕਾਰਵਾਈ ਤੋਂ ਬਚਾਉਂਦੇ ਹਨ।

**ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ:** ਜੇਕਰ ਕੋਈ ਮਾਲਕ ਇਹਨਾਂ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ ਤਾਂ ਕਰਮਚਾਰੀਆਂ ਨੂੰ OLS ਕੋਲ ਸ਼ਿਕਾਇਤ ਦਰਜ ਕਰਨ ਜਾਂ ਮੁਕੱਦਮਾ ਦਾਇਰ ਕਰਨ ਦਾ ਅਧਿਕਾਰ ਹੈ।

**ਸੰਪਰਕ ਕਰੋ:**
**OFFICE OF LABOR STANDARDS**

**ਰੁਜ਼ਗਾਰਦਾਤਾ**
ਪਾਲਣਾ ਕਰਨ ਸੰਬੰਧੀ ਸਹਾਇਤਾ ਅਤੇ/ਜਾਂ ਸਿਖਲਾਈ ਪ੍ਰਾਪਤ ਕਰੋ

**ਕਰਮਚਾਰੀ**
OLS ਕੋਲ ਸ਼ਿਕਾਇਤ ਦਰਜ ਕਰੋ ਜਾਂ ਅਦਾਲਤ ਵਿੱਚ ਮੁਕੱਦਮਾ ਦਾਇਰ ਕਰੋ

**206-256-5297**
**www.seattle.gov/laborstandards**

810 THIRD AVE, SUITE 375 SEATTLE, WA 98104 | LABORSTANDARDS@SEATTLE.GOV